# ਪੰਜਾਬ ਸਕੂਲ ਸਿੱਖਿਆ ਬੋਰਡ

## ਸੂਚਨਾ ਨੋਟਿਸ

ਸਮੂਹ ਸਕੂਲ ਮੁੱਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਵੀਂ ਅਤੇ ਅੱਠਵੀਂ ਦੇ ਪ੍ਰੀਖਿਆਰਥੀਆਂ ਦੇ ਸੀ.ਸੀ.ਈ ਦੇ ਆਨਲਾਈਨ ਅੰਕ UPLOAD ਕਰਨ ਲਈ ਮਿਤੀ 05-02-2024 ਤੋਂ 23-02-2024 ਤੱਕ ਦਾ ਸਮਾਂ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਮਿਤੀਆਂ ਵਿੱਚ ਕੋਈ ਵਾਧਾ ਨਹੀਂ ਕੀਤਾ ਜਾਵੇਗਾ। ਜੇਕਰ ਕਿਸੇ ਪ੍ਰੀਖਿਆਰਥੀ ਦੇ ਮਿਥੀ ਮਿਤੀ ਤੱਕ ਆਨਲਾਈਨ ਅੰਕ UPLOAD ਨਹੀਂ ਕੀਤੇ ਜਾਂਦੇ ਤਾਂ ਇਸ ਦੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ। ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

2/2/2024

ਸਹਾਇਕ ਸਕੱਤਰ (ਪੰਜਵੀਂ/ਅੱਠਵੀਂ)

ਪੰਜਾਬ ਸਕੂਲ ਸਿੱਖਿਆ ਬੋਰਡ

ਵਿਸ਼ਾ:-ਪੰਜਵੀਂ/ਅੱਠਵੀਂ ਪ੍ਰੀਖਿਆ ਮਾਰਚ-2024 ਸੀ.ਸੀ.ਈ.ਅੰਕ ਆਨ ਲਾਈਨ ਭਰਨ ਸਬੰਧੀ ਹਦਾਇਤਾਂ।

ਸੀ.ਸੀ.ਈ. ਭਰਨ ਤੋਂ ਪਹਿਲਾਂ ਸਕੂਲ ਮੁੱਖੀ ਸਾਰੇ ਪ੍ਰੀਖਿਆਰਥੀਆਂ ਦੀ ਵਿਸ਼ੇ ਵਾਰ CONSOLIDATED COPY ਤਿਆਰ ਕਰਵਾ ਲੈਣ ਤਾਂ ਜੋ ਆਨ-ਲਾਈਨ ਭਰਨ ਵਿੱਚ ਕੋਈ ਦਿੱਕਤ ਨਾ ਆਵੇ।

1. ਪ੍ਰੀਖਿਆ ਲਈ ਸੀ.ਸੀ.ਈ. ਦੇ ਅੰਕ ਆਨ-ਲਾਈਨ ਭਰਨ ਲਈ ਸਕੂਲਾਂ ਨੂੰ ਪੰਜਵੀਂ/ਅੱਠਵੀਂ ਸ਼੍ਰੇਣੀਆਂ ਲਈ ਮਿਤੀ: 05-02-2024 ਤੋਂ 23-02-2024 ਤੱਕਦਾ ਸਮਾਂ ਦਿੱਤਾ ਗਿਆ ਹੈ। ਇਸ ਤੋਂ ਬਾਅਦ ਆਨ-ਲਾਈਨ ਡਾਟਾ ਲਾਕ ਕਰ ਦਿੱਤਾ ਜਾਵੇਗਾ। ਨਿਰਧਾਰਿਤ ਆਖਰੀ ਮਿਤੀ ਤੋਂ ਬਾਅਦ ਪ੍ਰਤੀ ਸਕੂਲ ਜੁਰਮਾਨਾ ਫੀਸ ਭਰਨ ਉਪਰੰਤ ਹੀ ਸੀ.ਸੀ.ਈ. ਅੰਕ ਭਰਨ ਲਈ ਪੈਨਲ ਖੋਲ੍ਹਿਆ ਜਾਵੇਗਾ।
2. ਜੇਕਰ ਪ੍ਰੀਖਿਆਰਥੀ ਗੈਰ-ਹਾਜਰ ਹੈ ਤਾਂ ਸੀ.ਸੀ.ਈ./ਆਈ.ਐਨ.ਏ. ਵਿੱਚ A(ABSENT) ਲਿਖਿਆ ਜਾਵੇ।
3. ਜੇਕਰ ਪ੍ਰੀਖਿਆਰਥੀ ਦੀ ਯੋਗਤਾ ਰੱਦ ਹੈ ਤਾਂ ਸੀ.ਸੀ.ਈ./ਆਈ.ਐਨ.ਏ. ਵਿੱਚ C(CANCEL) ਲਿਖਿਆ ਜਾਵੇ।
4. ਆਪਣੇ ਪੱਧਰ ਤੇ ਸਕੂਲ ਨੂੰ ਆਨ-ਲਾਈਨ ਕੋਈ ਵੀ ਵਿਸ਼ਾ ਤਬਦੀਲ ਕਰਨ ਦੀ ਆਗਿਆ ਨਹੀ ਹੈ। ਦਫਤਰ ਨਾਲ ਸੰਪਰਕ ਕਰਕੇ ਵਿਸ਼ਾ ਬਦਲੀ ਕਰਵਾਉਣ ਉਪਰੰਤ ਹੀ ਫਾਈਨਲ ਸਬਮਿਸ਼ਨ ਕੀਤੀ ਜਾਵੇ।
5. ਫਾਈਨਲ ਸਬਮਿਟ ਕਰਨ ਤੋਂ ਪਹਿਲਾਂ ROUGH PRINT OUT ਲੈ ਕੇ ਪ੍ਰੀਖਿਆਰਥੀਆਂ ਦੇ ਵਿਸ਼ੇਵਾਰ ਭਰੇ ਅੰਕ ਚੈਕ ਕਰ ਲਏ ਜਾਣ ਜੇਕਰ ਕੋਈ ਤਰੁੱਟੀ ਹੈ ਤਾਂ ਆਨ-ਲਾਈਨ ਸੋਧ ਕਰ ਲਈ ਜਾਵੇ।
6. ਫਾਈਨਲ ਸਬਮਿਟ ਕਰਨ ਉਪਰੰਤ ਆਨ-ਲਾਈਨ ਡਾਟਾ ਲਾਕ ਹੋ ਜਾਵੇਗਾ ਅਤੇ ਕਿਸੇ ਵੀ ਪ੍ਰਕਾਰ ਦੀ ਸੋਧ ਨਹੀਂ ਕੀਤੀ ਜਾ ਸਕੇਗੀ।
7. ਸੀ.ਸੀ.ਈ. ਦੇ ਅੰਕ ਭਰਨ ਦੀ ਸਹੀ ਵਿਧੀ ਹੈ ਕਿ ਜੇਕਰ ਪ੍ਰੀਖਿਆਰਥੀ ਦੇ ਅੰਕ 10 ਹਨ ਤਾਂ ਸੀ.ਸੀ.ਈ. ਵਾਲੇ ਕਾਲਮ ਵਿੱਚ 010 ਦਰਜ ਕੀਤਾ ਜਾਵੇ ਅਤੇ ਜੇਕਰ 1 ਅੰਕ ਹੈ ਤਾਂ 001 ਦਰਜ ਕੀਤਾ ਜਾਵੇ।
8. ਸੀ.ਸੀ.ਈ. ਕੇਵਲ ਆਨ-ਲਾਈਨ ਅੰਕ ਹੀ ਦਫ਼ਤਰ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ।
9. ਫਾਈਨਲ ਸਬਮਿਸ਼ਨ ਦਾ ਪ੍ਰਿੰਟ ਸਕੂਲ ਮੁੱਖੀ ਵੱਲੋਂ ਤਸਦੀਕ ਕਰਕੇ ਸਕੂਲ ਰਿਕਾਰਡ ਵਿੱਚ ਰੱਖਿਆ ਜਾਵੇ। ਫੋਟੋ ਸਟੇਟ ਕਾਪੀ ਰਿਕਾਰਡ ਵਿੱਚ ਨਾ ਰੱਖੀ ਜਾਵੇ।

ਸਹਾਇਕ ਸਕੱਤਰ (ਪੰਜਵੀਂ/ਅੱਠਵੀਂ)